# ਸੂਚਨਾ

**ਕਿੰਨੂਆਂ ਅਤੇ ਨਾਖਾਂ ਦੇ ਬਾਗ ਨੂੰ ਸਾਲ 2019-20 ਲਈ ਠੇਕੇ ਤੇ ਦੇਣ ਲਈ ਬੋਲੀ**

ਯੂਨੀਵਰਸਿਟੀ ਕੈਂਪਸ ਅੰਮ੍ਰਿਤਸਰ ਦੇ ਅੰਦਰ 10 ਏਕੜ 1 ਕਨਾਲ 4 ਮਰਲੇ ਵਿਚ ਕਿੰਨੂਆਂ ਦਾ ਬਾਗ ਅਤੇ 2 ਏਕੜ ਰਕਬੇ ਵਿਚ ਨਾਖਾਂ ਦੇ ਬਾਗ ਨੂੰ ਸਾਲ 2019-20 ਲਈ ਠੇਕੇ ਤੇ ਦੇਣ ਲਈ ਬੋਲੀ ਮਿਤੀ 28.2.2019 ਨੂੰ 12:00 ਵਜੇ ਰਜਿਸਟਰਾਰ ਸਾਹਿਬ ਜੀ ਦੇ ਦਫਤਰ ਦੇ ਕਮੇਟੀ ਰੂਮ ਵਿਖੇ ਵਿਖੇ ਕਰਵਾਈ ਜਾ ਰਹੀ ਹੈ। ਬੋਲੀ ਵਿਚ ਸ਼ਾਮਲ ਹੋਣ ਲਈ ਰੁਪਏ 50,000/- (ਪੰਜਾਹ ਹਜ਼ਾਰ) ਜਮਾਨਤ ਵਜੋਂ ਜਮ੍ਹਾ ਕਰਵਾ ਕੇ ਹਿੱਸਾ ਲਿਆ ਜਾ ਸਕਦਾ ਹੈ। ਬੋਲੀ ਖਤਮ ਹੋਣ ਤੇ ਤੁਰੰਤ ਬਾਦ ਸਫਲ ਬੋਲੀਕਾਰ ਨੂੰ ਕੁਲ ਰਕਮ ਦਾ 20% ਹਿੱਸਾ ਮੌਕੇ ਤੇ ਹੀ ਜਮ੍ਹਾ ਕਰਵਾਉਣਾ ਲਾਜ਼ਮੀ ਹੋਵੇਗਾ। ਵਧੇਰੇ ਜਾਣਕਾਰੀ ਲਈ ਕਿਸੇ ਵੀ ਕੰਮ ਵਾਲੇ ਦਿਨ ਲੈਂਡ ਸਕੇਪ ਅਫਸਰ ਨਾਲ ਨਿਜੀ ਤੌਰ ਤੇ ਜ਼ਾ ਮੋਬਾਈਲ ਨੰਬਰ 9501031817 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਵਲੋਂ: ਰਜਿਸਟਰਾਰ

# ਕਿੰਨੂ ਅਤੇ ਨਾਖਾਂ ਦੇ ਬਾਗ ਠੇਕੇ ਤੇ ਦੇਣ ਲਈ ਸਾਲ 2019-20 ਲਈ ਬੋਲੀ ਦੀਆਂ ਸ਼ਰਤਾਂ

1 ਕਿੰਨੂਆਂ ਅਤੇ ਨਾਖਾਂ ਦੇ ਬਾਗਾਂ ਦੀ ਬੋਲੀ ਦੀ ਮਿਆਦ 01.4.2019 ਤੋਂ 31.3.2020 ਤੱਕ ਹੋਵੇਗੀ।

2 ਬੋਲੀ ਵਿਚ ਸ਼ਾਮਲ ਹੋਣ ਲਈ ਹਰੇਕ ਬੋਲੀਕਾਰ ਨੂੰ 50,000/- ਰੁਪਏ ਬਤੌਰ ਜ਼ਮਾਨਤ ਜਮ੍ਹਾ ਕਰਾਉਣੀ ਪਵੇਗੀ।

3 ਬੋਲੀ ਖਤਮ ਹੋਣ ਉਪਰੰਤ ਕੁਲ ਰਕਮ ਦਾ ਸਫਲ ਬੋਲੀਕਾਰ ਨੂੰ ਬੋਲੀ ਦਾ 20% ਹਿੱਸਾ ਮੌਕੇ ਤੇ ਜਮ੍ਹਾ ਕਰਾਉਣਾ ਪਵੇਗਾ।ਅਜਿਹਾ ਨਾ ਕਰਨ ਦੀ ਸੂਰਤ ਵਿਚ ਜਮਾਨਤ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਅਗਲੇ ਬੋਲੀਕਾਰ ਨੂੰ ਇਹਨਾਂ ਸ਼ਰਤਾਂ ਅਨੁਸਾਰ ਹੀ ਬਾਗ ਠੇਕੇ ਤੇ ਦੇ ਦਿੱਤਾ ਜਾਵੇਗਾ।ਦਿੱਤੀ ਜਾਣ ਵਾਲੀ ਰਕਮ ਦੀ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਹੋਵੇਗੀ

| ਬੋਲੀ ਦੀ ਰਕਮ ਦਾ ਹਿੱਸਾ | ਮਿਤੀ |
|---|---|
| 20% | ਬੋਲੀ ਵਾਲੇ ਦਿਨ |
| 30% | ਬੋਲੀ ਵਾਲੀ ਮਿਤੀ ਤੋਂ 30 ਦਿਨ ਬਾਅਦ |
| 50% | 31.07.2019 (ਨਾਖਾਂ ਦੇ ਬਾਗ ਲਈ)<br>31.10.2019 (ਕਿੰਨੂਆਂ ਦੇ ਬਾਗ ਲਈ) |

4 ਠੇਕੇਦਾਰ ਵਲੋਂ ਦਿੱਤੀ ਗਈ ਬੋਲੀ ਦੀ 100% ਰਕਮ ਜਮ੍ਹਾ ਕਰਾਉਣ ਉਪਰੰਤ ਹੀ ਉਹ ਫਲ ਤੋੜਨ ਦਾ ਹੱਕਦਾਰ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਠੇਕੇਦਾਰ ਨੂੰ ਫਲ ਤੋੜਨ ਨਹੀਂ ਦਿੱਤਾ ਜਾਵੇਗਾ। ਉਪਰੋਕਤ ਸਮਾਂ ਸਾਰਣੀ ਅਨੁਸਾਰ ਰਕਮ ਨਾ ਜਮ੍ਹਾ ਕਰਾਉਣ ਦੀ ਸੂਰਤ ਵਿਚ 15% ਸਾਲਾਨਾ ਵਿਆਜ ਬਣਦੀ ਰਕਮ ਤੇ ਦੇਣਾ ਪਵੇਗਾ। ਕਿਸ਼ਤ ਦੀ ਪੂਰੀ ਰਕਮ ਹੀ ਜਮ੍ਹਾ ਕਰਵਾਈ ਜਾ ਸਕੇਗੀ।

5 ਜੇਕਰ ਬਾਗ ਦਾ ਠੇਕੇਦਾਰ ਅਗਲੇ ਸਾਲ ਲਈ ਨਵਾਂ ਆ ਜਾਂਦਾ ਹੈ ਤਾਂ ਉਹ ਬਾਗ ਦੀ ਕਾਂਟ-ਛਾਂਟ ਕਰ ਸਕਦਾ ਹੈ, ਦਵਾਈਆਂ/ਖਾਦਾਂ ਦਾ ਪ੍ਰਯੋਗ ਕਰ ਸਕਦਾ ਹੈ ਅਤੇ ਪੁਰਾਣਾ ਠੇਕੇਦਾਰ ਉਸਨੂੰ ਅਜਿਹਾ ਕਰਨ ਤੋਂ ਨਹੀਂ ਰੋਕੇਗਾ।

6 ਸੰਬੰਧਤ ਠੇਕੇਦਾਰ ਉੱਚੀਆਂ ਅਤੇ ਵੱਧ ਖੁਰਾਕ ਲੈਣ ਵਾਲੀਆਂ ਫਸਲਾਂ ਜਿਵੇਂ ਕਿ ਕਪਾਹ, ਚਰੀ, ਬਾਜਰਾ, ਮੱਕੀ, ਮਿਰਚ, ਬਰਸੀਮ, ਭਿੰਡੀ ਅਤੇ ਵੇਲ੍ਹਾ ਵਾਲੀਆਂ ਫਸਲਾਂ ਨਹੀਂ ਬੀਜੇਗਾ। ਇਹਨਾਂ ਹਦਾਇਤਾਂ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਬਿਨ੍ਹਾਂ ਦੱਸੇ ਉਸਦਾ ਠੇਕਾ ਰੱਦ ਕਰ ਦਿੱਤਾ ਜਾਵੇਗਾ।

7 ਸੰਬੰਧਤ ਠੇਕੇਦਾਰ ਬਾਗ ਲਈ ਖਾਦਾਂ/ਦਵਾਈਆਂ ਅਤੇ ਨਦੀਨ ਨਾਸ਼ਕਾ ਦੀ ਵਰਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਖੁਦ ਹੀ ਕਰੇਗਾ।

8 ਟਿਊਬਵੈੱਲ ਅਤੇ ਮੋਟਰ ਦੀ ਹਾਲਤ ਜੋ ਬੋਲੀ ਵੇਲੇ ਠੇਕੇਦਾਰ ਨੂੰ ਦਿੱਤੀ ਗਈ ਹੈ, ਉਸੇ ਹਾਲਾਤ ਵਿਚ ਵਾਪਸ ਲਏ ਜਾਣਗੇ।ਟਿਊਬਵੈੱਲ ਅਤੇ ਮੋਟਰ ਦੀ ਰਿਪੇਅਰ ਸੰਬੰਧਤ ਠੇਕੇਦਾਰ ਵਲੋਂ ਖੁਦ ਕਰਵਾਈ ਜਾਵੇਗੀ। ਜੇਕਰ ਬੋਰ ਆਦਿ ਖਰਾਬ ਹੋ ਜਾਂਦਾ ਹੈ ਤਾਂ ਯੂਨੀਵਰਸਿਟੀ ਨਵਾਂ ਬੋਰ ਕਰਵਾ ਕੇ ਦੇਵੇਗੀ।

9 ਟਿਊਬਵੈਲ ਦੇ ਬਿਜਲੀ ਦਾ ਬਿੱਲ ਅਤੇ ਹੋਰ ਕਿਸੇ ਤਰ੍ਹਾਂ ਦੀ ਵੀ ਬਿਜਲੀ ਜੋ ਠੇਕੇਦਾਰ ਵਲੋਂ ਵਰਤੀ ਜਾਂਦੀ ਹੈ, ਉਸਦੀ ਅਦਾਇਗੀ ਪੰਜਾਬ ਰਾਜ ਬਿਜਲੀ ਬੋਰਡ ਦੀਆਂ ਦਰਾਂ ਅਨੁਸਾਰ ਠੇਕੇਦਾਰ ਵਲੋਂ ਨਿਜੀ ਤੌਰ ਤੇ ਕੀਤੀ ਜਾਵੇਗੀ।

10 ਠੇਕੇ ਦੀ ਮਿਆਦ ਦੌਰਾਨ ਯੂਨੀਵਰਸਿਟੀ ਬਾਗ ਦਾ ਪੂਰਾ/ਕੁਝ ਹਿੱਸਾ ਆਪਣੀ ਲੋੜ ਅਨੁਸਾਰ ਵਾਪਸ ਲੈ ਸਕਦੀ ਹੈ। ਹਾਲਾਤਾਂ ਅਨੁਸਾਰ ਬਣਦਾ ਮੁਆਵਜ਼ਾ ਸੰਬੰਧਤ ਠੇਕੇਦਾਰ ਨੂੰ ਯੂਨੀਵਰਸਿਟੀ ਵਲੋਂ ਦਿੱਤਾ ਜਾਵੇਗਾ।

11 ਕਿਸੇ ਕੁਦਰਤੀ ਆਫਤ ਕਾਰਨ ਫਸਲ ਆਦਿ ਦੇ ਨੁਕਸਾਨ ਉਪਰੰਤ ਠੇਕੇ ਦੀ ਰਕਮ ਵਸੂਲੀ ਵਿਚ ਰਿਆਇਤ ਨਹੀਂ ਕੀਤੀ ਜਾਵੇਗੀ। ਜੇਕਰ ਸਰਕਾਰ ਅਜਿਹੇ ਨੁਕਸਾਨ ਦਾ ਮੁਆਵਜ਼ਾ ਯੂਨੀਵਰਸਿਟੀ ਨੂੰ ਦਿੰਦੀ ਹੈ ਤਾਂ ਉਹ ਮੁਆਵਜ਼ਾ ਸੰਬੰਧਤ ਠੇਕੇਦਾਰ ਨੂੰ ਦੇ ਦਿੱਤਾ ਜਾਵੇਗਾ।

12 ਠੇਕੇ ਦੀ ਮਿਆਦ ਘਟਾਉਣ ਜ਼ਾਂ ਵਧਾਉਣ ਦਾ ਹੱਕ ਯੂਨੀਵਰਸਿਟੀ ਵਲੋਂ ਬਣਾਈ ਕਮੇਟੀ ਕੋਲ ਹੋਵੇਗਾ।

13 ਬਿਨ੍ਹਾਂ ਕਿਸੇ ਕਾਰਨ ਬੋਲੀ ਰੱਦ ਕਰਨ ਦਾ ਹੱਕ ਯੂਨੀਵਰਸਿਟੀ ਵਲੋਂ ਬਣਾਈ ਕਮੇਟੀ ਕੋਲ ਹੋਵੇਗਾ।

14 ਠੇਕੇਦਾਰ ਵਲੋਂ ਆਪਣੀ ਲੇਬਰ ਨੂੰ ਪਛਾਣ ਪੱਤਰ ਬਣਾਕੇ ਦੇਣੇ ਲਾਜ਼ਮੀ ਹੋਣਗੇ।

15 ਬੋਲੀਕਾਰ ਨੂੰ ਸ਼ਰਤਾਂ ਮੁਤਾਬਕ ਯੂਨੀਵਰਸਿਟੀ ਨਾਲ ਇਕਰਾਰਨਾਮਾ ਕਰਨਾ ਪਵੇਗਾ ਜਿਸ ਉੱਪਰ ਉਸ ਵਲੋਂ ਦੋ ਗਵਾਹਾਂ ਦੇ ਦਸਤਖਤ ਕਰਵਾਏ ਜਾਣਗੇ।

ਵਲੋਂ: ਰਜਿਸਟਰਾਰ